BRAMPTON **Service and Information Update**

# ਬ੍ਰੈਂਪਟਨ ਦੇ ਨਿਵਾਸੀਆਂ ਨੂੰ ਮਿਊਨਿਸਿਪਲ ਡਿਵੈਲਪਮੈਂਟ ਕਾਰਪੋਰੇਸ਼ਨ ਬਾਰੇ ਸੁਝਾਅ ਦੇਣ ਲਈ ਸੱਦਾ ਦਿੱਤਾ ਜਾ ਰਿਹਾ ਹੈ

ਬ੍ਰੈਂਪਟਨ, ਓਨਟੈਰੀਓ (9 ਨਵੰਬਰ, 2020) – ਸਿਟੀ ਆਫ ਬ੍ਰੈਂਪਟਨ, ਮਿਊਨਿਸਿਪਲ ਡਿਵੈਲਪਮੈਂਟ ਕਾਰਪੋਰੇਸ਼ਨ (ਐਮ.ਡੀ.ਸੀ.) (Municipal Development Corporation (MDC) ਬਣਾਉਣ ਤੇ ਵਿਚਾਰ ਕਰ ਰਹੀ ਹੈ। ਨਿਵਾਸੀਆਂ ਨੂੰ ਇਸ ਪ੍ਰਸਤਾਵ ਬਾਰੇ, 25 ਨਵੰਬਰ, 2020 ਤੱਕ, www.bramptonmdc.ca ਤੇ ਆਪਣੇ ਸੁਝਾਅ ਦੇਣ ਲਈ ਸੱਦਾ ਦਿੱਤਾ ਜਾਂਦਾ ਹੈ।

ਸਿਟੀ ਆਫ ਬ੍ਰੈਂਪਟਨ ਵਿੱਚ ਐਮ.ਡੀ.ਸੀ. (MDC), ਕਾਰਜਨੀਤੀ ਵਾਲੇ ਪ੍ਰੋਜੈਕਟਾਂ ਵਾਸਤੇ ਇੱਕ ਪਰਿਭਾਸ਼ਤ ਅਧਿਆਦੇਸ਼ ਦੇ ਨਾਲ ਰੀਅਲ ਐਸਟੇਟ ਕਾਰਪੋਰੇਸ਼ਨ ਵਜੋਂ ਕੰਮ ਕਰੇਗੀ, ਜੋ ਕਾਰਜਨੀਤੀ ਨਾਲ ਜ਼ਮੀਨ ਅਤੇ ਸੰਪਤੀਆਂ ਨੂੰ ਗ੍ਰਹਿਣ ਕਰਨ, ਜੋੜਨ, ਵਿਕਸਿਤ ਕਰਨ ਅਤੇ ਵੇਚਣ ਦਾ ਕੰਮ ਕਰਦਾ ਹੈ। ਬ੍ਰੈਂਪਟਨ ਦੀ ਐਮ.ਡੀ.ਸੀ., ਪੂਰੀ ਤਰ੍ਹਾਂ ਸਿਟੀ ਆਫ ਬ੍ਰੈਂਪਟਨ ਦੀ ਮਾਲਕੀ ਵਾਲੀ ਕਾਰਪੋਰੇਸ਼ਨ ਹੋਵੇਗੀ ਅਤੇ ਐਮ.ਡੀ.ਸੀ. ਦੁਆਰਾ ਹੋਣ ਵਾਲੀ ਸਾਰੀ ਮਾਲੀ ਆਮਦਨੀ, ਲਾਭ ਅੰਸ਼ਾਂ ਦੇ ਰੂਪ ਵਿੱਚ ਵਾਪਸ ਸਿਟੀ ਨੂੰ ਵੰਡ ਦਿੱਤੀ ਜਾਵੇਗੀ।

ਐਮ.ਡੀ.ਸੀ. ਨੂੰ ਬਣਾਉਣ ਦੇ ਮੂਲ ਕਾਰਨਾਂ ਵਿੱਚ ਸ਼ਾਮਲ ਹਨ:

- ਮਿਊਨਿਸਿਪਲ ਦੇ ਉਦੇਸ਼ਾਂ ਦੇ ਵਿਆਪਕ ਸੈੱਟ ਨੂੰ ਹਾਸਲ ਕਰਨ ਲਈ ਮੌਕੇ (ਜਿਵੇਂ ਖਾਸ ਆਰਥਿਕ ਖੇਤਰਾਂ ਨੂੰ ਉਤਸ਼ਾਹ ਦੇਣ ਵਾਸਤੇ ਮੁੱਖ ਇੰਪਲਾਇਰਸ ਨੂੰ ਜ਼ਮੀਨ ਪੇਸ਼ ਕਰਨ ਯੋਗ ਹੋਣਾ);
- ਕਨੂੰਨੀ ਪ੍ਰਵਾਨਗੀ ਸਬੰਧੀ ਜ਼ਿੰਮੇਵਾਰੀਆਂ ਨੂੰ ਵੱਖ ਕਰਨਾ;
- ਐਗਰੀਮੈਂਟਾਂ ਨੂੰ ਕਾਰਜ ਰੂਪ ਦੇਣ ਦੀ ਸਮਰੱਥਾ;
- ਲਾਗਤ-ਪ੍ਰਭਾਵੀ ਅਤੇ ਮੁਨਾਫ਼ੇ ਵਾਲੀ; ਅਤੇ
- ਇਹ ਮੁਹਾਰਤ ਨੂੰ ਆਕਰਸ਼ਿਤ ਕਰਨ ਦੀ ਸਮਰੱਥਾ ਦੀ ਹਿਮਾਇਤ ਕਰਦੀ ਹੈ।

ਬ੍ਰੈਂਪਟਨ ਦੀ ਐਮ.ਡੀ.ਸੀ. ਦੀ ਰਚਨਾ, ਵਿਜ਼ਨ ਵਿੱਚ ਪਛਾਣੇ ਗਏ ਛੇ ਪ੍ਰੋਜੈਕਟ ਖੇਤਰਾਂ: ਅਪਟਾਉਨ ਬ੍ਰੈਂਪਟਨ (Uptown Brampton); ਡਾਉਨਟਾਉਨ ਬ੍ਰੈਂਪਟਨ (Downtown Brampton); ਬ੍ਰੈਮਲੀ (Bramalea); ਕਵੀਨ ਸਟ੍ਰੀਟ ਕੋਰੀਡੋਰ (Queen Street Corridor); ਫਾਈਵ ਟਾਊਨ ਸੈਂਟਰਸ (Five Town Centres); ਅਤੇ ਇੰਡਸਟ੍ਰੀਅਲ ਕੋਰੀਡੋਰ (Industrial Corridor) ਦੇ ਅੰਦਰ, ਰੀਅਲ ਐਸਟੇਟ ਅਤੇ ਸੰਪਤੀਆਂ ਨੂੰ ਨਿਯੰਤਰਿਤ ਅਤੇ ਪ੍ਰਬੰਧਿਤ ਕਰਕੇ, ਬ੍ਰੈਂਪਟਨ ਵਿਜ਼ਨ 2040 (Brampton Vision 2040) ਦੇ ਅਨੁਕੂਲ ਹੈ।

ਮਿਊਨਿਸਿਪਲ ਡਿਵੈਲਪਮੈਂਟ ਕਾਰਪੋਰੇਸ਼ਨ ਦੀ ਸਥਾਪਨਾ ਤੋਂ ਪਹਿਲਾਂ, ਜਨਤਾ ਨਾਲ ਮਸ਼ਵਰਾ ਕਰਨ ਸਮੇਤ, ਲਾਜ਼ਮੀ ਤੌਰ ਤੇ ਖਾਸ ਕਨੂੰਨੀ ਸ਼ਰਤਾਂ ਦੀ ਪਾਲਣਾ ਕੀਤੀ ਜਾਵੇਗੀ। ਸਿਟੀ, ਸੰਪੂਰਨ, ਪਾਰਦਰਸ਼ੀ ਅਤੇ ਸਹਿਯੋਗਾਤਮਕ ਪ੍ਰਕਿਰਿਆ ਵਿੱਚ ਜਨਤਾ ਨੂੰ ਸ਼ਾਮਲ ਕਰਨ ਵਾਸਤੇ ਵਚਨਬੱਧ ਹੈ।

-30-


**ਮੀਡੀਆ ਸੰਪਰਕ**

ਮੋਨਿਕਾ ਦੁੱਗਲ (Monika Duggal)

ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ

ਸਟ੍ਰੈਟਜਿਕ ਕਮਿਉਨਿਕੇਸ਼ਨ

ਸਿਟੀ ਆਫ ਬ੍ਰੈਂਪਟਨ

905-874-3426 | Monika.Duggal@brampton.ca